BRAMPTON Flower City brampton.ca

Service and Information Update

20 ਜੂਨ, 2018

# ਸਿਟੀ ਆਫ ਬ੍ਰੈਂਪਟਨ ਵਿੱਚ ਕੈਨੇਡਾ ਡੇ

ਬ੍ਰੈਂਪਟਨ, ਓਨਟੈਰੀਓ – ਸੋਮਵਾਰ, 2 ਜੁਲਾਈ, 2018 ਨੂੰ ਕੈਨੇਡਾ ਡੇ (Canada Day) ਦੇ ਮੌਕੇ 'ਤੇ ਬ੍ਰੈਂਪਟਨ ਸਿਟੀ ਹਾਲ ਬੰਦ ਰਹੇਗਾ। ਕਈ ਸਿਟੀ ਸੇਵਾਵਾਂ ਉਪਲਬਧ ਨਹੀਂ ਰਹਿਣਗੀਆਂ ਜਾਂ ਘਟਾਏ ਗਏ ਸੇਵਾ ਪੱਧਰਾਂ ਦੇ ਹੇਠ ਕੰਮ ਕਰਨਗੀਆਂ। ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ 'ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਪਾਰਕਿੰਗ ਦੇ ਜੁਰਮਾਨੇ ਨਹੀਂ ਦੇ ਸਕਣਗੇ ਜਾਂ ਬਿਲਡਿੰਗ ਪਰਮਿਟ ਲਈ ਦਰਖਾਸਤ ਨਹੀਂ ਦੇ ਸਕਣਗੇ। ਔਨਲਾਈਨ ਵਿਕਲਪਾਂ ਲਈ, ਕਿਰਪਾ ਕਰਕੇ www.brampton.ca 'ਤੇ ਜਾਓ।

ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਨ੍ਹਾਂ ਵਿੱਚ ਸ਼ਾਮਲ ਹਨ: ਫਾਇਰ ਅਤੇ ਐਮਰਜੈਂਸੀ (ਅੱਗ ਅਤੇ ਸੰਕਟਕਾਲ) ਸੇਵਾਵਾਂ ਅਤੇ ਬਾਇ-ਲਾਅ ਐਨਫੋਰਸਮੈਂਟ (ਉਪ-ਕਾਨੂੰਨ ਲਾਗੂਕਰਣ)। ਸਿਟੀ ਆਫ ਬ੍ਰੈਂਪਟਨ ਸੇਵਾ ਵਿੱਚ ਸਾਰੀਆਂ ਤਬਦੀਲੀਆਂ ਅਤੇ ਬੰਦ ਹੋਣ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ 311 'ਤੇ ਕਾਲ ਕਰੋ ਜਾਂ www.brampton.ca 'ਤੇ ਜਾਓ।

**ਬ੍ਰੈਂਪਟਨ ਵਿੱਚ ਕੈਨੇਡਾ ਡੇ ਦਾ ਜਸ਼ਨ**

ਐਤਵਾਰ, 1 ਜੁਲਾਈ ਨੂੰ ਸਿਟੀ ਆਫ ਬ੍ਰੈਂਪਟਨ ਦੇ ਨਾਲ ਚਿੰਗਕੂਜ਼ੀ ਪਾਰਕ (Chinguacousy Park) ਵਿਖੇ ਕੈਨੇਡਾ ਡੇ ਦੇ ਜਸ਼ਨ ਵਿੱਚ ਸ਼ਾਮਲ ਹੋਵੋ।

1 ਜੁਲਾਈ ਨੂੰ, ਕੈਨੇਡਾ ਡੇ ਜਸ਼ਨਾਂ ਲਈ ਟ੍ਰੈਫਿਕ ਦੀ ਵਿਵਸਥਾ ਕਰਨ ਲਈ ਚਿੰਗਕੂਜ਼ੀ ਪਾਰਕ (Chinguacousy Park) ਦੇ ਨੇੜੇ ਕੁਝ ਸੜਕਾਂ ਦੇ ਹਿੱਸਿਆਂ ਨੂੰ ਬੰਦ ਕੀਤਾ ਜਾਵੇਗਾ।

ਸੜਕਾਂ ਦੇ ਬੰਦ ਹੋਣ ਦੀ ਇੱਕ ਪੂਰੀ ਸੂਚੀ ਸਮੇਤ, ਸਿਟੀ ਦੇ ਕੈਨੇਡਾ ਡੇ ਦੇ ਜਸ਼ਨਾਂ ਬਾਰੇ ਹੋਰ ਜਾਣਕਾਰੀ ਲਈ, 311 'ਤੇ ਕਾਲ ਕਰੋ ਜਾਂ www.brampton.ca 'ਤੇ ਜਾਓ।

**ਬ੍ਰੈਂਪਟਨ ਟ੍ਰਾਂਜ਼ਿਟ ਸੇਵਾ**

ਕੈਨੇਡਾ ਡੇ ਵੀਕੈਂਡ ਲਈ ਬ੍ਰੈਂਪਟਨ ਟ੍ਰਾਂਜ਼ਿਟ ਦਾ ਕਾਰਜਕ੍ਰਮ ਇਸ ਤਰ੍ਹਾਂ ਹੋਵੇਗਾ:

- ਐਤਵਾਰ, 1 ਜੁਲਾਈ: ਐਤਵਾਰ ਵਾਲੀ ਸੇਵਾ – ਟ੍ਰਾਂਜ਼ਿਟ ਸਟੋਰ ਬੰਦ ਰਹਿਣਗੇ
- ਸੋਮਵਾਰ, 2 ਜੁਲਾਈ: ਐਤਵਾਰ ਵਾਲੀ ਸੇਵਾ – ਟ੍ਰਾਂਜ਼ਿਟ ਸਟੋਰ ਖੁੱਲ੍ਹੇ ਰਹਿਣਗੇ

ਰੂਟ ਅਤੇ ਕਾਰਜਕ੍ਰਮ ਬਾਰੇ ਜਾਣਕਾਰੀ ਲਈ, 905.874.2999 'ਤੇ ਕਾਲ ਕਰੋ ਜਾਂ www.bramptontransit.com 'ਤੇ ਜਾਓ ਅਤੇ ਅਸਲ ਸਮੇਂ ਵਿੱਚ ਬੱਸ ਬਾਰੇ ਜਾਣਕਾਰੀ ਲਈ ਆਪਣੇ ਮੋਬਾਈਲ ਡਿਵਾਈਸ ਦੇ ਰਾਹੀਂ nextride.brampton.ca 'ਤੇ ਜਾਓ।

**ਪਟਾਕਿਆਂ ਤੋਂ ਸੁਰੱਖਿਆ**

ਨਿਵਾਸੀਆਂ ਨੂੰ 1 ਜੁਲਾਈ ਨੂੰ ਰਾਤ 10 ਵਜੇ ਚਿੰਗਕੂਜ਼ੀ ਪਾਰਕ (Chinguacousy Park) ਵਿਖੇ ਪਟਾਕਿਆਂ ਦੇ ਪ੍ਰਦਰਸ਼ਨ ਲਈ ਆਉਣ ਵਾਸਤੇ ਉਤਸ਼ਾਹਿਤ ਕੀਤਾ ਜਾਂਦਾ ਹੈ।

ਕੈਨੇਡਾ ਡੇ ਸਾਲ ਵਿੱਚ ਉਹਨਾਂ ਚਾਰ ਮੰਜ਼ੂਰੀ ਪ੍ਰਾਪਤ ਦਿਨਾਂ ਵਿੱਚੋਂ ਇੱਕ ਹੈ, ਜਦੋਂ ਨਿੱਜੀ ਪ੍ਰਾਪਰਟੀ 'ਤੇ, ਇਜਾਜ਼ਤ ਦੀ ਲੋੜ ਦੇ ਬਿਨਾਂ, ਛੋਟੀ-ਰੇਂਜ ਦੇ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਛੋਟੀ-ਰੇਂਜ ਵਾਲੇ ਪਟਾਕੇ ਉਹ ਹੁੰਦੇ ਹਨ, ਜੋ ਚਲਾਏ ਜਾਣ 'ਤੇ ਤਿੰਨ ਮੀਟਰ (10 ਫੁੱਟ) ਤੋਂ ਘੱਟ ਦੂਰ ਤੱਕ ਜਾਂਦੇ ਹਨ (ਉਦਾਹਰਨ

ਲਈ ਅਨਾਰ, ਚੱਕਰ, ਜ਼ਮੀਨੀ ਚੱਕਰ, ਫੁਲਝੜੀਆਂ)। ਹੋਰ ਸਾਰੇ ਰਾੱਕੇਟ ਕਿਸਮ ਦੇ ਪਟਾਕਿਆਂ 'ਤੇ ਬ੍ਰੈਂਪਟਨ ਵਿੱਚ ਪਾਬੰਦੀ ਹੈ। ਸਿਟੀ ਨਿਵਾਸੀਆਂ ਨੂੰ ਯਾਦ ਦਵਾਉਂਦੀ ਹੈ ਕਿ ਪਟਾਕਿਆਂ ਨੂੰ ਗਲੀ, ਪਗਡੰਡੀਆਂ 'ਤੇ, ਸਿਟੀ ਪਾਰਕਾਂ ਦੇ ਅੰਦਰ ਜਾਂ ਮਿਊਨਿਸਿਪਲ ਜਾਂ ਸਕੂਲ ਦੀਆਂ ਪ੍ਰਾਪਰਟੀਆਂ 'ਤੇ ਚਲਾਉਣ ਦੀ ਇਜਾਜ਼ਤ ਨਹੀਂ ਹੈ।

ਆਪਣੀ ਪ੍ਰਾਪਰਟੀ 'ਤੇ ਛੋਟੀ-ਰੇਂਜ਼ ਦੇ ਪਟਾਕੇ ਚਲਾਉਂਦੇ ਸਮੇਂ, ਤੁਹਾਡੇ ਲਈ ਇਹਨਾਂ safety precautions (ਸੁਰੱਖਿਆ ਸਾਵਧਾਨੀਆਂ) ਦੀ ਪਾਲਣਾ ਕਰਨੀ ਲਾਜ਼ਮੀ ਹੈ:

- ਤੁਹਾਡੇ ਕੋਲ ਪਟਾਕਿਆਂ ਨੂੰ ਬੁਝਾਉਣ ਲਈ ਪਾਣੀ ਦਾ ਇੱਕ ਕੰਟੇਨਰ ਜਾਂ ਇੱਕ ਪਾਈਪ ਲਾਈਨ ਉਪਲਬਧ ਹੋਣੀ ਲਾਜ਼ਮੀ ਹੈ, ਜੋ ਪਾਣੀ ਨਾਲ ਭਰੀ ਹੋਵੇ
- ਤੁਹਾਡੇ ਲਈ ਲਾਜ਼ਮੀ ਹੈ ਕਿ ਪਟਾਕਿਆਂ ਨੂੰ ਕਦੇ ਵੀ ਆਪਣੇ ਹੱਥਾਂ ਵਿੱਚ ਫੜ੍ਹ ਕੇ ਨਾ ਚਲਾਓ ਜਾਂ ਬਲਦੇ ਹੋਏ ਪਟਾਕਿਆਂ ਨੂੰ ਨਾ ਫੜ੍ਹੋ, ਸਿਵਾਏ ਫੁਲਝੜੀਆਂ ਦੇ
- ਫੁਲਝੜੀਆਂ ਚਲਾਉਣ ਤੋਂ ਬਾਅਦ, ਉਹਨਾਂ ਦਾ ਨਿਬੇੜਾ ਕਰਨ ਤੋਂ ਪਹਿਲਾਂ ਉਹਨਾਂ ਨੂੰ ਪੂਰੀ ਤਰ੍ਹਾਂ ਠੰਡਾ ਕਰਨ ਲਈ ਇੱਕ ਕੰਟੇਨਰ ਵਿੱਚ ਪਾ ਦਿਓ
- ਸਾਰੇ ਪਟਾਕਿਆਂ ਦਾ ਨਿਬੇੜਾ ਕਰਨ ਤੋਂ ਪਹਿਲਾਂ ਉਹਨਾਂ ਨੂੰ ਪੂਰੀ ਤਰ੍ਹਾਂ ਠੰਡਾ ਹੋਣ ਦਿਓ

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ ਦੀਆਂ ਸਾਰੀਆਂ ਬ੍ਰਾਂਚਾਂ (ਸਿਵਿਕ ਸੈਂਟਰ (Civic Centre) ਵਿੱਚ ਚਿੰਗਕੂਜ਼ੀ (Chinguacousy), ਸਿਰਿਲ ਕਲਾਰਕ (Cyril Clark), ਫੋਰ ਕੋਰਨਰਸ (Four Corners), ਗੋਰ ਮੇਡੋਜ (Gore Meadows), ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village), ਸਪ੍ਰਿੰਗਡੇਲ (Springdale) ਅਤੇ ਸਾਊਥ ਫਲੇਚਰਸ (South Fletcher's)) ਐਤਵਾਰ, 1 ਜੁਲਾਈ ਅਤੇ ਸੋਮਵਾਰ, 2 ਜੁਲਾਈ ਨੂੰ ਬੰਦ ਰਹਿਣਗੀਆਂ।

ਹੋਰ ਜਾਣਕਾਰੀ ਲਈ 905.793.4636 ਜਾਂ 311 'ਤੇ ਕਾਲ ਕਰੋ ਜਾਂ www.bramptonlibrary.ca 'ਤੇ ਜਾਓ।

-30-